Service and Information Update

15 ਫਰਵਰੀ, 2018

# ਸਿਟੀ ਆਫ ਬ੍ਰੈਂਪਟਨ ਵਿੱਚ ਫੈਮਿਲੀ ਡੇ 2018

ਬ੍ਰੈਂਪਟਨ, ਓਨਟੈਰੀਓ – ਸੋਮਵਾਰ, 19 ਫਰਵਰੀ ਨੂੰ, ਬ੍ਰੈਂਪਟਨ ਫੈਮਿਲੀ ਡੇ (Family Day) ਦੇ ਮੌਕੇ 'ਤੇ ਬੰਦ ਰਹੇਗਾ। ਕਈ ਸਿਟੀ ਸੇਵਾਵਾਂ ਉਪਲਬਧ ਨਹੀਂ ਰਹਿਣਗੀਆਂ ਜਾਂ ਘਟਾਏ ਗਏ ਸੇਵਾ ਪੱਧਰਾਂ ਦੇ ਹੇਠ ਕੰਮ ਕਰਨਗੀਆਂ। ਨਿਵਾਸੀ ਇਸ ਸਮੇਂ ਦੌਰਾਨ ਵਿਅਕਤੀਗਤ ਤੌਰ 'ਤੇ ਵਿਆਹ ਦੇ ਲਾਇਸੈਂਸਾਂ ਲਈ ਦਰਖਾਸਤ ਨਹੀਂ ਦੇ ਸਕਣਗੇ, ਪਾਰਕਿੰਗ ਦੇ ਜੁਰਮਾਨੇ ਨਹੀਂ ਦੇ ਸਕਣਗੇ ਜਾਂ ਪਰਮਿਟ ਲਈ ਦਰਖਾਸਤ ਨਹੀਂ ਦੇ ਸਕਣਗੇ। ਔਨਲਾਈਨ ਵਿਕਲਪਾਂ ਲਈ ਕਿਰਪਾ ਕਰਕੇ www.brampton.ca 'ਤੇ ਜਾਓ।

ਕਈ ਸੇਵਾਵਾਂ ਸਧਾਰਨ ਢੰਗ ਨਾਲ ਕੰਮ ਕਰਨਾ ਜਾਰੀ ਰੱਖਣਗੀਆਂ, ਜਿਹਨਾਂ ਵਿੱਚ ਸ਼ਾਮਲ ਹਨ: ਫਾਇਰ ਐਂਡ ਐਮਰਜੈਂਸੀ (ਅੱਗ ਅਤੇ ਸੰਕਟਕਾਲ) ਸੇਵਾਵਾਂ ਅਤੇ ਸਿਟੀ ਆਫ ਬ੍ਰੈਂਪਟਨ (City of Brampton) ਦਾ ਬਾਇ-ਲਾਅ ਐਨਫੋਰਸਮੈਂਟ (ਉਪ-ਕਾਨੂੰਨ ਲਾਗੂਕਰਣ)।

ਸਿਟੀ ਆਫ ਬ੍ਰੈਂਪਟਨ ਦੀਆਂ ਸੇਵਾਵਾਂ ਵਿੱਚ ਸਾਰੀਆਂ ਤਬਦੀਲੀਆਂ ਅਤੇ ਬੰਦ ਹੋਣ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ 311 'ਤੇ ਕਾਲ ਕਰੋ ਜਾਂ www.brampton.ca 'ਤੇ ਜਾਓ।

## ਟ੍ਰਾਂਜ਼ਿਟ ਸੇਵਾਵਾਂ

ਬ੍ਰੈਂਪਟਨ ਟ੍ਰਾਂਜ਼ਿਟ ਸੋਮਵਾਰ, 19 ਫਰਵਰੀ ਨੂੰ ਐਤਵਾਰ/ਛੁੱਟੀ ਦੀਆਂ ਸੇਵਾਂ ਮੁਹੱਈਆ ਕਰੇਗਾ ਅਤੇ ਟ੍ਰਾਂਜ਼ਿਟ ਸਟੋਰ ਬੰਦ ਰਹਿਣਗੇ।

ਰੂਟਾਂ ਅਤੇ ਕਾਰਜਕਰਮ ਬਾਰੇ ਜਾਣਕਾਰੀ ਲਈ, 905.874.2999 'ਤੇ ਕਾਲ ਕਰੋ ਜਾਂ www.bramptontransit.com 'ਤੇ ਜਾਓ ਅਤੇ ਅਸਲ ਸਮੇਂ ਵਿੱਚ ਅਗਲੀ ਬਸ ਬਾਰੇ ਜਾਣਕਾਰੀ ਲਈ Next Ride (ਨੈਕਸਟ ਰਾਈਡ) ਦੀ ਵਰਤੋਂ ਕਰੋ। ਕਿਸੇ ਸਮਾਰਟਫੋਨ ਜਾਂ ਕਿਸੇ ਹੋਰ ਮੋਬਾਈਲ ਡਿਵਾਈਸ ਦੇ ਰਾਹੀਂ nextride.brampton.ca 'ਤੇ ਅਗਲੀ ਬੱਸ ਬਾਰੇ ਜਾਣਕਾਰੀ ਦੇਖੋ।

## ਰੇਕ੍ਰੀਏਸ਼ਨ (ਮਨ ਪਰਚਾਵਾ)

ਸੋਮਵਾਰ, 19 ਫਰਵਰੀ ਨੂੰ, ਪੂਰੇ ਸਿਟੀ ਆਫ ਬ੍ਰੈਂਪਟਨ ਵਿੱਚ ਰੇਕ੍ਰੀਏਸ਼ਨ ਸੈਂਟਰ ਮਜ਼ੇਦਾਰ ਪ੍ਰੋਗਰਾਮ ਪੇਸ਼ ਕਰਨਗੇ ਜਿਹਨਾਂ ਦਾ ਪੂਰਾ ਪਰਿਵਾਰ ਆਨੰਦ ਮਾਣ ਸਕਦਾ ਹੈ। ਨਿਵਾਸੀਆਂ ਨੂੰ ਤੈਰਾਕੀ, ਸਕੇਟਿੰਗ, ਫੈਮਿਲੀ ਫਿਟਨੈਸ ਪ੍ਰੋਗਰਾਮਾਂ ਅਤੇ ਹੋਰ ਬਹੁਤ ਕਿਸਮ ਦੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ। ਮਾਮੂਲੀ ਫੀਸ ਲਈ ਜਾ ਸਕਦੀ ਹੈ।

ਚਿੰਗਕੂਜ਼ੀ ਪਾਰਕ (Chinguacousy Park) 19 ਫਰਵਰੀ ਨੂੰ ਪਰਿਵਾਰਾਂ ਲਈ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਆਯੋਜਿਤ ਕਰੇਗਾ। ਨਵੀਂ ਸਕੇਟਿੰਗ ਟ੍ਰੇਲ ਅਤੇ ਮਾਊਂਟ ਚਿੰਗਕੂਜ਼ੀ (Mount Chinguacousy) ਦੇ ਆਸਪਾਸ ਕੇਂਦਰਿਤ ਝਲਕੀਆਂ (ਹਾਈਲਾਈਟਸ) ਦੇ ਨਾਲ, ਪੂਰੇ ਪਾਰਕ ਵਿੱਚ ਪ੍ਰਸਾਰਿਤ ਗਤੀਵਿਧੀਆਂ ਅਤੇ ਮਨੋਰੰਜਨ ਦੇ ਨਾਲ ਇਸ ਦਿਲ-ਪਰਚਾਵੇ ਦੇ ਦਿਨ ਦੀ ਯੋਜਨਾ ਬਣਾਈ ਗਈ ਹੈ।

ਭਾਈਚਾਰਕ ਕੇਂਦਰਾਂ ਵਿਖੇ ਪੇਸ਼ ਕੀਤੀਆਂ ਜਾਣ ਵਾਲੀਆਂ ਫੈਮਿਲੀ ਡੇ ਸਬੰਧੀ ਗਤੀਵਿਧੀਆਂ ਅਤੇ ਪੂਰੇ ਸ਼ਹਿਰ ਵਿੱਚ ਆਊਟਡੋਰ ਸਕੇਟਿੰਗ ਟ੍ਰੇਲਾਂ (ਪਗਡੰਡੀਆਂ) ਦੀ ਇੱਕ ਪੂਰੀ ਸੂਚੀ, www.brampton.ca 'ਤੇ ਜਾਓ।

**ਬ੍ਰੈਂਪਟਨ ਲਾਇਬ੍ਰੇਰੀ**

ਬ੍ਰੈਂਪਟਨ ਲਾਇਬ੍ਰੇਰੀ ਦੀਆਂ ਸਾਰੀਆਂ ਬ੍ਰਾਂਚਾਂ ਫੈਮਿਲੀ ਡੇ ਵਾਲੇ ਦਿਨ ਦੁਪਹਿਰ ਬਾਅਦ 1:00 – ਸ਼ਾਮ 5:00 ਵਜੇ ਤੱਕ ਖੁੱਲ੍ਹੀਆਂ ਰਹਿਣਗੀਆਂ। ਪ੍ਰੋਗਰਾਮ ਬਾਰੇ ਜਾਣਕਾਰੀ ਲਈ www.bramptonlibrary.ca 'ਤੇ ਕੈਲੰਡਰ ਆਫ ਇਵੈਂਟਸ (Calendar of Events) 'ਤੇ ਕਲਿੱਕ ਕਰੋ ਜਾਂ 905.793.4636 'ਤੇ ਕਾਲ ਕਰੋ।

-30-

**ਮੀਡੀਆ ਸੰਪਰਕ:**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca